# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ , ਪੰਜਾਬ

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਸਮੂਹ School of Eminence ਸਕੂਲ ਮੁੱਖੀ,
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ : SCERT-EXAM0GENL/30/2024-SDP-SCERT(Part-1)/848305/680-684
ਮਿਤੀ : ਐਸ.ਏ.ਐਸ ਨਗਰ, 10-07-2025

**ਵਿਸ਼ਾ:- ਅਕਾਦਮਿਕ ਸਾਲ 2025-26 ਲਈ** School of Eminence (SOE) **ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਖਾਲੀ ਸੀਟਾਂ ਭਰਨ ਸੰਬੰਧੀ।**

**ਹਵਾਲਾ:-** ਇਸ ਦਫ਼ਤਰ ਪੱਤਰ ਮੀਮੋ ਨੰ: SCERT-EXAM0GENL/30/2024-SDP-SCERT(Part-1)/848305/629-633 ਮਿਤੀ : ਐਸ.ਏ.ਐਸ ਨਗਰ, 24-06-2025 ਅਤੇ ਮੀਮੋ ਨੰ: SCERT-EXAM0GENL/30/2024-SDP-SCERT/807718/164-168 ਮਿਤੀ : ਐਸ.ਏ.ਐਸ ਨਗਰ, 04-07-2025 ਦੀ ਲਗਾਤਾਰਤਾ ਵਿੱਚ।

1.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਨਮੁੱਖ ਦੱਸਿਆ ਜਾਂਦਾ ਹੈ ਕਿ ਮਿਤੀ 08-07-2025 ਤੱਕ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਸੀਟ ਮੈਟਰਿਕਸ ਅਨੁਸਾਰ ਦਾਖਲਾ ਕੀਤਾ ਗਿਆ ਹੈ।

2.0 ਇਹ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦਾਖਲਿਆਂ ਦੌਰਾਨ ਸੰਬੰਧਤ ਕੈਟਾਗਿਰੀ ਦੇ ਕੁਆਲੀਫਾਈਡ ਵਿਦਿਆਰਥੀ ਨਾ ਹੋਣ ਕਾਰਨ ਕੈਟਾਗਿਰੀ ਦੀਆਂ ਸੀਟਾਂ ਖਾਲੀ ਪਈਆਂ ਹਨ।

3.0 ਉਕਤ ਦੇ ਸਨਮੁੱਖ ਜੇਕਰ ਕਿਸੇ ਵੀ ਸਕੂਲ ਦੀਆਂ ਮਿਤੀ 08-07-2025 ਤੱਕ 9ਵੀਂ ਅਤੇ 11ਵੀਂ ਜਮਾਤਾਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਸੀਟਾਂ ਖਾਲੀ ਰਹਿ ਜਾਂਦੀਆਂ ਹਨ ਤਾਂ ਇਹ ਸੀਟਾਂ ਮਿਤੀ 10-07-2025 ਤੋਂ 15-07-2025 ਤੱਕ ਨਿਮਨ ਦਰਸਾਏ ਅਨੁਸਾਰ de-reserve ਕਰਕੇ ਭਰੀਆਂ ਜਾਣ:-

i. ਜੇਕਰ ਕਿਸੇ SOE ਸਕੂਲ ਵਿੱਚ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਸੀਟਾਂ ਖਾਲੀ ਹਨ ਤਾਂ ਉਹ ਸੀਟਾਂ ਉਸੇ ਸਕੂਲ ਲਈ ਸਰਕਾਰੀ ਸਕੂਲਾਂ ਦੇ ਉਸੇ ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਦਿੱਤੀਆ ਜਾਣ।

ii. ਜੇਕਰ ਕਿਸੇ SOE ਸਕੂਲ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਹਨ ਅਤੇ ਜੇਕਰ ਇਹਨਾਂ ਸੀਟਾਂ ਲਈ ਉਸ ਸਕੂਲ ਅਧੀਨ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਨਾਲ ਲਗਦੇ SOE ਸਕੂਲਾਂ ਦੇ ਉਸੇ ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ ਇਹ ਖਾਲੀ ਸੀਟਾਂ ਦਿੱਤੀਆ ਜਾਣ।

iii. ਜੇਕਰ ਕਿਸੇ SOE ਸਕੂਲ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਲਈ ਜੇਕਰ ਉਸ ਸਕੂਲ ਦਾ ਜਾਂ ਨਾਲ ਲਗਦੇ ਸਕੂਲ ਦਾ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਉਸ ਕੈਟਾਗਿਰੀ ਦੀਆਂ ਸੀਟਾਂ ਨੂੰ De-reserve ਕਰਕੇ ਜਨਰਲ ਕੈਟਾਗਿਰੀ ਦੇ ਸਰਕਾਰੀ/ਪ੍ਰਾਈਵੇਟ ਸਕੂਲਾਂ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ।

iv. ਦੱਸਣਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਲਾਸਾਂ ਵਿੱਚ ਦਾਖਲੇ ਦੀ ਆਖਰੀ ਮਿਤੀ 15-07-2025 (ਬਿਨਾਂ ਲੇਟ ਫੀਸ) ਨਿਸ਼ਚਿਤ ਕੀਤੀ ਗਈ ਹੈ। ਇਸ ਲਈ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤ ਦਾ ਦਾਖਲਾ ਮਿਤੀ 15-07-2025 ਤੱਕ ਮੁਕੰਮਲ ਕੀਤਾ ਜਾਵੇ ਤਾਂ ਜੋ ਲੇਟ ਫੀਸ ਤੋਂ ਬਚਿਆ ਜਾ ਸਕੇ।

4.0 ਇਹ ਵੀ ਧਿਆਨ ਵਿੱਚ ਆਇਆ ਹੈ ਕਿ ਫੀਡਰ ਸਕੂਲਾਂ ਦੇ ਸਕੂਲ ਮੁੱਖੀਆਂ ਵੱਲੋਂ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਨਹੀਂ ਭੇਜਿਆ ਜਾ ਰਿਹਾ ਹੈ। ਜਿਸ ਕਾਰਨ ਕਈ SOE ਸਕੂਲਾਂ ਵਿੱਚ ਸੀਟਾਂ ਖਾਲੀ ਰਹਿ ਰਹੀਆਂ ਹਨ। ਇਸ ਲਈ ਇਸ ਸੰਬੰਧੀ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿੱ) ਵੱਲੋਂ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਨਾ ਭੇਜਣ ਵਾਲੇ ਸਕੂਲ ਮੁੱਖੀਆਂ ਵਿਰੁੱਧ ਸਖਤ ਕਾਰਵਾਈ ਜਾਵੇ।

ਕਿਰਨ ਸ਼ਰਮਾ, ਪੀ.ਸੀ.ਐਸ.
ਡਾਇਰੈਕਟਰ,ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/681-684 ਮਿਤੀ:- ਐਸ.ਏ.ਐਸ. ਨਗਰ, 10-07-2025

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

Seema

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।